ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ
ਬਲਾਕ-ਈ, ਛੇਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ:,ਫੇਜ਼-8 **ਐਸ.ਏ.ਐਸ ਨਗਰ**,ਮੁਹਾਲੀ
ਫੋਨ ਨੰਬਰ: 0172-2212221, ਫੈਕਸ ਨੰ: 0172-2212793

ਵੱਲ (Through Website)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ. ਸਿੱ/ਐ.ਸਿੱ),
ਪੰਜਾਬ।

ਮੀਮੋ:- SCERT/PPPP/2018/201836783 ਮਿਤੀ:- 20/8/2018

**ਵਿਸ਼ਾ:- ਮਿਤੀ 21-8-2018 ਨੂੰ ਐਜੂਸੈਟ ਤੋਂ ਮੀਟਿੰਗ ਸਬੰਧੀ।**

**ਹਵਾਲਾ:- 24/40/2018/PES/T.sch./34966 ਮਿਤੀ :- 9-8-2018**

**1.0** ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਨੂੰ ਪਤਾ ਹੀ ਹੈ ਕਿ ਰਾਜ ਦੇ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਪ੍ਰਾਇਮਰੀ ਸਿੱਖਿਆ ਵਿੱਚ ਗੁਣਾਤਮਿਕ ਸੁਧਾਰ ਵਜੋਂ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਜਾ ਰਿਹਾ ਹੈ। 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਨੂੰ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਲਾਗੂ ਕਰਨ, ਯੋਜਨਾਬੰਦੀ ਤਹਿਤ ਕੰਮ ਕਰਨ ਸਬੰਧੀ ਮਾਨਯੋਗ ਡਾਇਰੈਕਟਰ ਐਸ.ਸੀ.ਈ.ਆਰ.ਟੀ. ਜੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਡਾਇਟ ਪ੍ਰਿੰਸੀਪਲਜ਼, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਕੋਆਰਡੀਨੇਟਰ ਅਤੇ ਸਮੂਹ ਸੀ.ਐਚ.ਟੀ. ਦੀ ਮਿਤੀ 21-8-2018 ਨੂੰ ਬਾਅਦ ਦੁਪਹਿਰ 1.30 ਤੋਂ 2.00 ਵਜੇ ਤੱਕ ਐਜੂਸੈਟ ਰਾਹੀਂ ਮੀਟਿੰਗ ਲੈਣਗੇ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ), ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਨਾਲ ਤਾਲਮੇਲ ਕਰਕੇ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਚਾਲੂ ਹਾਲਤ ਵਿੱਚ ਆਰ.ਓ.ਟੀਜ਼ ਬਾਰੇ ਪੜਤਾਲ ਕਰਕੇ ਨੇੜੇ ਦੇ ਪ੍ਰਾਇਮਰੀ ਸਕੂਲਾਂ ਦੇ ਸੀ.ਐਚ.ਟੀ., ਸਮੂਹ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਕੋਆਰਡੀਨੇਟਰ, ਸਮੂਹ ਬੀ.ਪੀ.ਈ.ਓਜ਼, ਸਮੂਹ ਉਪ ਜ਼ਿਲ੍ਹਾ ਸਿੱਖਿਆ ਅਫ਼ਸਰਾਂ (ਐ.ਸਿੱ) ਦੀ ਹਾਜ਼ਰੀ ਇਹਨਾਂ ਸਕੂਲਾਂ ਵਿੱਚ ਯਕੀਨੀ ਬਣਾਉਣਗੇ। ਇਸ ਸਬੰਧ ਵਿੱਚ ਪੂਰਨ ਯੋਜਨਾਬੰਦੀ ਪਹਿਲਾਂ ਹੀ ਕਰ ਲਈ ਜਾਵੇ ਅਤੇ ਸਬੰਧਤ ਸਕੂਲ ਮੁੱਖੀਆਂ ਨਾਲ ਫੋਨ ਤੇ ਰਾਬਤਾ ਕਰਕੇ ਸਕੂਲਾਂ ਅੰਦਰ ਬੈਠਣ, ਜਨਰੇਟਰ ਆਦਿ ਦਾ ਪ੍ਰਬੰਧ ਵੀ ਦੇਖ ਲਿਆ ਜਾਵੇ ਜੀ।

4.0 ਸਮੂਹ ਸੀ.ਐਚ.ਟੀ., 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਜ਼ਿਲ੍ਹਾ ਕੋਆਰਡੀਨੇਟਰ, ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਆਪਣੇ ਨੇੜੇ ਦੇ ਸਕੂਲਾਂ ਵਿੱਚ ਬੈਠ ਕੇ ਇਸ ਮੀਟਿੰਗ ਨੂੰ ਅਟੈਂਡ ਕਰਨਗੇ।

**5.0** ਹੁਕਮਾਂ ਦੀ ਇੰਨ੍ਹ-ਬਿਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ।**

ਪਿੱਠ ਅੰਕਣ ਨੰ. ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ (ਸੈ.ਸਿੱ), ਪੰਜਾਬ।
4. ਡੀ.ਐੱਮ. (ਐਮ.ਆਈ.ਐਸ.) ਨੂੰ ਪੱਤਰ ਦੀ ਕਾਪੀ ਨੋਟਿਸ ਬੋਰਡ ਅਤੇ ਵੈੱਬਸਾਈਟ ਤੇ ਪਾਉਣ ਹਿੱਤ।

**ਸਹਾਇਕ ਡਾਇਰੈਕਟਰ**
**ਐਸ.ਸੀ.ਈ.ਆਰ.ਟੀ, ਪੰਜਾਬ।**